Bwg 6 nwnk scw eyku hY duhu ivic hY sOswru]

ਅਕਾਲ ਪੁਰਖ ਨੇ ਆਪਣੀ ਮੌਜ ਵਿਚ ਇਸ ਕਾਇਨਾਤ ਦੀ ਰਚਨਾ ਕੀਤੀ ਤੇ ਇਸਨੂੰ ਚਲਾਉਣ ਲਈ ਆਪਣਾ **'ਹੁਕਮ'** ਜਾਰੀ ਕਰ ਦਿੱਤਾ।

ਇਸ ਕਾਇਨਾਤ ਵਿਚ ਸਮੁੱਚੇ ਤੌਰ ਤੇ ਦੋ ਸ਼੍ਰੇਣੀਆਂ ਦੇ ਜੀਵ ਰਚੇ ਗਏ ਹਨ—

1. **ਚੌਰਾਸੀ ਲੱਖ ਜੂਨਾਂ—ਜੋ ਨਿਰੋਲ** ਅਕਾਲ ਪੁਰਖ ਦੇ ਹੁਕਮ ਵਿਚ ਕਰਮ ਕਰਦੀਆਂ ਤੇ ਭਾਣੇ ਅੰਦਰ ਜੀਵਨ ਬਤੀਤ ਕਰਦੀਆਂ ਹਨ।

2. ਇਨਸਾਨੀ ਜੂਨ—ਇਨਸਾਨ ਨੂੰ ਅਕਾਲ-ਪੁਰਖ ਨੇ ਸੀਮਤ ਬੁੱਧੀ ਤੇ ਅਜ਼ਾਦੀ ਬਖਸ਼ੀ ਹੈ, ਜਿਸ ਦੁਆਰਾ ਉਹ—

ਸੋਚਦੇ ਹਨ

ਵਿਉਂਤ ਕਰਦੇ ਹਨ

ਕਿਰਤ ਵਿਰਤ ਕਰਦੇ ਹਨ

ਜੀਂਦੇ ਹਨ

ਥੀਂਦੇ ਹਨ ਅਤੇ

ਮਰ ਜਾਂਦੇ ਹਨ।

ਇਸ ਤਰ੍ਹਾਂ ਇਨਸਾਨੀ ਜੂਨ ਆਪਣੀ ਸਮਝ ਤੇ ਸਿਆਣਪ ਅਨੁਸਾਰ **ਆਪਣੇ** ਲਈ ਤੇ **ਆਪਣਿਆਂ ਲਈ ਮਾਇਆ ਦੇ ਪ੍ਰਾਇਣ** ਹੋ ਕੇ ਅਥਵਾ **'ਦੂਜੇ ਭਾਉ'** ਵਿਚ ਕਰਮ ਕਰਦੀ ਹੈ, ਜਿਸ ਦਾ ਚੰਗਾ ਜਾਂ ਮਾੜਾ ਨਤੀਜਾ ਉਸਨੂੰ ਅਵੱਸ਼ ਭੋਗਣਾ ਪੈਂਦਾ ਹੈ। 'ਜੋ ਮੈ ਕੀਆ ਸੋ ਮੈ ਪਾਇਆ' ਦਾ ਇਹ ਅਟੱਲ ਅਸੂਲ ਕੇਵਲ ਤ੍ਰੈਗੁਣੀ ਮਾਇਕੀ ਮੰਡਲ ਵਿਚ ਹੀ ਲਾਗੂ ਹੁੰਦਾ ਹੈ, ਇਸ ਤੋਂ ਉਪਰ ਆਤਮਿਕ ਮੰਡਲ ਤੱਕ ਇਸਦੀ ਪਹੁੰਚ ਨਹੀਂ।

ਮਾਇਆ ਦੇ ਭਰਮ-ਭੁਲਾਵੇ ਅਥਵਾ ਦੂਜੇ-ਭਾਉ ਵਿਚ ਖਚਤ ਹੋਣ ਤੋਂ ਬਚਾਉਣ ਲਈ ਤੇ ਅਕਾਲ-ਪੁਰਖ ਦੀ ਨਿੱਘੀ ਤੇ ਪਿਆਰੀ ਇਲਾਹੀ ਗੋਦ ਵੱਲ ਮੁੜ ਪ੍ਰੇਰਨ ਲਈ ਅਨੇਕਾਂ ਗੁਰੂ, ਅਵਤਾਰ, ਪੀਰ ਪੈਗੰਬਰ ਦੁਨੀਆਂ ਤੇ ਆਏ ਤੇ ਜੋ ਉਨ੍ਹਾਂ ਨੂੰ ਧੁਰੋਂ ਹੁਕਮ ਮਿਲਿਆ, ਉਹਦਾ ਉਪਦੇਸ਼ ਦੇ ਕੇ ਚਲੇ ਗਏ। ਪਰ ਗੁਰੂ ਨਾਨਕ ਸਾਹਿਬ ਆਏ, ਆ ਕੇ ਸਾਨੂੰ ਉਪਦੇਸ਼ ਦੇ ਕੇ ਚਲੇ ਨਹੀਂ ਗਏ, ਸਗੋਂ ਆਪਣਾ ਸਰੂਪ, ਆਪਣਾ ਹਿਰਦਾ, ਆਪਣੀ ਆਤਮਾ **'ਗੁਰੂ ਗ੍ਰੰਥ ਸਾਹਿਬ'** ਦੇ ਰੂਪ ਵਿਚ ਇਸ 'ਧੁਰ ਕੀ ਬਾਣੀ' ਵਿਚ ਭਰ ਗਏ, ਜੋ ਰਹਿੰਦੀ ਦੁਨੀਆਂ ਤੱਕ ਸਾਡੀ ਰਹਿਨੁਮਾਈ ਕਰਦੀ ਰਹੇਗੀ।



## Part 6 O Nanak, the True Lord is the One and only One; duality exists only in the world.

The Timeless being in His joy brought this creation into being and to run it He proclaimed His 'hukam' or command.

Looking at it in totality, two types of life forms have been created in this creation –

1. Eighty four life-forms –they abide by the will and operate within the sphere of the 'hukam' or command of the Timeless Being.
2. Human life form - the Timeless Being has blessed humans with a limited intellect and freedom through which they -

think

plan

run their affairs

live

get soaked in love and

die.

In this way the human form, under the influence of materialism or 'second-love' runs its affairs according to its understanding and intellect, for its own self and its immediate relatives and in consequence it has to face the good or bad results. The eternal law 'What I sow is what I reap', operates only in the three-phased materialistic realm. Beyond it is the spiritual realm. It is not within its reach.

To save mankind from being consumed in the doubt-fallacy of materialism or second-love, and to reunite it with the warm divine bosom of the Timeless Being, numerous gurus, avtars, holy souls, prophets came into the world. Whatever was their divine calling from the source they delivered and left. But Guru Nanak Sahib Ji came. They came, delivered the message but did not go away. In fact his form, his consciousness, his soul in the form of 'Bani from the Source' was imbibed or infused in the 'Guru Granth Sahib' which will continue to guide us until the end of the world.

ਗੁਰੂ ਸਾਹਿਬ ਨੂੰ ਪਤਾ ਸੀ ਕਿ ਸਾਰੇ ਇਨਸਾਨ ਤਿਆਗੀ ਨਹੀਂ ਹੋ ਸਕਦੇ, ਇਸ ਲਈ ਹਠੀਆਂ, ਜਪੀਆਂ, ਤਪੀਆਂ, ਤਿਆਗੀਆਂ ਦਾ ਰਸਤਾ ਸਾਰੇ ਇਨਸਾਨਾਂ ਵਾਸਤੇ ਨਹੀਂ। ਗ੍ਰਿਹਸਤੀਆਂ ਨੇ ਕੰਮ ਕਰਨਾ ਹੈ, ਪਰਿਵਾਰ ਪਾਲਣਾ ਹੈ ਤੇ ਫਿਰ ਆਪਣੇ ਤੇ ਆਪਣੇ ਪਰਿਵਾਰ ਦੇ ਕਲਿਆਣ ਦਾ ਪ੍ਰਬੰਧ ਵੀ ਕਰਨਾ ਹੈ। ਇਸ ਲਈ ਗੁਰਮਤਿ ਦਾ ਮਾਰਗ **'ਗ੍ਰਿਹਸਤ ਉਦਾਸ'** ਦਾ ਮਾਰਗ ਬਣਾ ਕੇ ਸਤਿਗੁਰਾਂ ਨੇ ਗ੍ਰਿਹਸਤੀਆਂ ਲਈ ਪਰਮਾਰਥ ਦਾ ਰਸਤਾ ਬਹੁਤ ਸੌਖਾ ਕਰ ਦਿੱਤਾ ਹੈ—

ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ
ਤਿਉ ਵਿਚੇ ਗਿਰਹ ਉਦਾਸੁ ॥ (ਪੰਨਾ-੯੪੯)

ਇਸਦਾ ਮਤਲਬ ਇਹ ਹੈ ਕਿ ਗ੍ਰਿਹਸਤ ਵਿਚ ਰਹਿੰਦਿਆਂ ਹੋਇਆਂ ਗ੍ਰਿਹਸਤ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਹੋਇਆਂ ਵੀ ਸਾਡੇ ਸਾਰੇ **ਕਰਮ** ਸਤਿਗੁਰੂ ਦੇ **ਪ੍ਰਾਇਣ** ਅਥਵਾ ਗੁਰਬਾਣੀ ਦੇ ਆਦੇਸ਼ਾਂ-ਉਪਦੇਸ਼ਾਂ ਦੀ **ਰੰਗਣ ਵਾਲੇ** ਹੋਣੇ ਚਾਹੀਦੇ ਹਨ। ਦੂਜੇ ਲਫ਼ਜ਼ਾਂ ਵਿਚ ਮਾਇਆ ਦੇ **'ਦੂਜੇ ਭਾਉ'** ਰੂਪੀ ਚਿੱਕੜ ਵਿਚ ਰਹਿੰਦਿਆਂ ਹੋਇਆਂ ਵੀ ਅਸੀਂ ਕਮਲ ਦੇ ਫੁੱਲ ਵਾਂਗ ਨਿਰਲੇਪ ਰਹਿਕੇ, ਆਪਣਾ ਜੀਵਨ ਸਤਿਗੁਰੂ ਦੇ ਪ੍ਰਾਇਣ ਬਤੀਤ ਕਰਨਾ ਹੈ।

ਪਰ ਅਸੀਂ ਜਨਮ-ਜਨਮਾਂਤਰਾਂ ਤੋਂ 'ਮੈਂ'-ਮੇਰੀ ਦੀ ਦਲਦਲ ਵਿਚ ਇਤਨੇ ਖੁੱਭੇ ਹੋਏ ਹਾਂ ਕਿ ਇਸ ਵਿਚੋਂ ਨਿਕਲਣ ਦਾ ਸਾਨੂੰ ਕਦੇ ਖਿਆਲ ਨਹੀਂ ਆਉਂਦਾ। ਇਸ ਗੱਲ ਨੂੰ ਸਮਝਾਉਣ ਲਈ ਇਥੇ ਇਕ ਉਦਾਹਰਣ ਦਿੱਤੀ ਜਾ ਸਕਦੀ ਹੈ—

ਕਈ ਸਾਲ ਹੋਏ ਅਸੀਂ ਕਿਸੇ ਦੇ ਘਰ ਮਿਲਣ ਲਈ ਗਏ। ਉਨ੍ਹਾਂ ਦੇ ਦੋ ਜਵਾਨ ਬੱਚੇ ਮੇਰੇ ਮੰਜੇ ਤੇ ਦੋਹੀਂ ਪਾਸੀਂ ਬੈਠੇ ਨਾਸ਼ਤਾ ਕਰ ਰਹੇ ਸੀ, ਤੇ ਉਨ੍ਹਾਂ ਦੇ ਮਾਂ-ਬਾਪ ਸਾਡੇ ਸਾਹਮਣੇ ਵਾਲੇ ਮੰਜੇ ਤੇ ਬੈਠੇ ਸਨ।

ਮੈਂ ਬੱਚਿਆਂ ਦੀ ਮਾਂ ਨੂੰ ਪੁੱਛਿਆ ਕਿ ਜਿਸ ਤਰ੍ਹਾਂ ਉਹ ਆਪਣੇ ਬੱਚਿਆਂ ਨਾਲ ਪਿਆਰ ਕਰਦੀ ਹੈ, ਕੀ ਉਸੇ ਤਰ੍ਹਾਂ ਉਹ ਗੁਆਂਢੀਆਂ ਦੇ ਬੱਚਿਆਂ ਨਾਲ ਵੀ ਪਿਆਰ ਕਰ ਸਕਦੀ ਹੈ ?

ਉਸ ਨੇ ਝੱਟ ਜਵਾਬ ਦਿੱਤਾ ਕਿ 'ਬਿਲਕੁਲ ਨਹੀਂ !' ਕਿਉਂਕਿ ਜੋ **'ਮਾਂ-ਪਿਆਰ'** ਉਸਦੇ ਮਨ ਵਿਚ ਆਪਣੇ ਬੱਚਿਆਂ ਲਈ ਹੈ—ਉਹ ਕਦਾਚਿਤ ਪਰਾਇਆਂ ਬੱਚਿਆਂ ਨਾਲ ਨਹੀਂ ਹੋ ਸਕਦਾ।

ਇਸ ਤਰ੍ਹਾਂ ਭਾਵੇਂ ਉਸ ਇਸਤ੍ਰੀ ਦੇ ਮਨ ਵਿਚ ਬੱਚਿਆਂ ਲਈ ਇਹ ਮਾਂ-ਪਿਆਰ ਇਲਾਹੀ ਹੁਕਮ ਅੰਦਰ ਹੀ ਪ੍ਰਵਿਰਤ ਸੀ, ਪਰ ਫਿਰ ਵੀ ਇਹ ਪਿਆਰ **'ਮੋਹ'** ਬਣਕੇ ਹੀ ਰਹਿ ਗਿਆ।



Guru Ji knew that all people cannot be ascetics; therefore the path of austerity, asceticism, penance, renunciation is not for all people. The householder has to do work, support his family and take steps to find salvation for himself and his family. For this reason by making the path of principal tenants of the Guru, the path of 'householder's-detachment', the gurus made the path of spiritualism very simple for the householders.

*As the lotus flower floats unaffected in the water, so does he remain detached in his own household.* *949*

This means that whist being householders and discharging all the (related) responsibilities of the householders, all our actions-activities should be influenced by the satguru or should be based on the hue and colour of the aims and teachings of Gurbani. In other words despite living in the muddy embodiment of materialism's 'second-love', like the lotus flower we remain detached in order to live our life under the guidance of the satguru.

But over numerous births we are so immersed in the quagmire of me-mineness that we are not even mindful of getting out of this (situation). To explain this point an analogy can be given here –

Some years ago we went to someone's house for a visit. Two of their children were sitting on the bed on my either side eating their breakfast, and their parents were sitting on a bed in front of us.

I asked the children's mother, if she could love the neighbour's children like the way she loved her own children.

She replied immediately – 'absolutely not! because the 'mother's love' that is in her mind for her own children – that can never be the same for other children.

In the same way although in the mind of that lady the mother's love was present in her by divine command, yet that love turned into 'attachment'.

ਇਹ 'ਮੋਹ' **ਮਾਇਕੀ ਅਉਗਣ ਹੈ,** ਜਿਸ ਉਤੇ **'ਹਉਮੈ'**, ਮੈਂ-ਮੇਰੀ ਅਥਵਾ **ਦੂਜੇ ਭਾਉ** ਦੀ ਰੰਗਣ ਚੜ੍ਹੀ ਹੋਈ ਹੈ।

ਇਸ ਤਰ੍ਹਾਂ ਸਾਡੀ ਸਾਰੀ ਜ਼ਿੰਦਗੀ ਹੀ **'ਦੂਜੇ-ਭਾਉ'** ਵਿਚ ਰੰਗੀ ਹੋਈ ਹੈ।

ਇਸਦੇ ਮੁਕਾਬਲੇ ਤੇ ਗੁਰਬਾਣੀ ਸਾਨੂੰ **ਸਰਬੱਗ ਕਾਇਨਾਤ** ਨਾਲ ਪਿਆਰ ਕਰਨ ਦਾ ਉਪਦੇਸ਼ ਦਿੰਦੀ ਹੈ, ਜਿਥੇ —

ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥
ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ ॥੨॥
ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥
ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ॥ (ਪੰਨਾ-੬੭੧)

ਇਹ ਤਾਂ ਹੀ ਹੋ ਸਕਦਾ ਹੈ ਜੇ ਅਸੀਂ **'ਦੂਜੇ ਭਾਉ'** ਤੋਂ ਉਪਰ ਉੱਠ ਕੇ **'ਸਰਬੱਗ ਕਾਇਨਾਤ'** ਵਿਚ 'ਸਰਬ ਜੋਤਿ ਤੇਰੀ ਪਸਰਿ ਰਹੀ ॥ ਜਹ ਜਹ ਦੇਖਾ ਤਹ ਨਰਹਰੀ ॥' ਨੂੰ ਮਹਿਸੂਸ ਕਰੀਏ।

ਅਸਲ ਵਿਚ ਇਹ—

**ਸਰਬਗ-ਪਿਆਰ** (Universal Love)

ਅਕਾਲ ਪੁਰਖ ਦਾ—

## ਸ੍ਰੇਸ਼ਟ

ਗੁਣ ਹੈ ਅਤੇ ਜਦ ਸਾਡੀ ਰੂਹ ਅਕਾਲ-ਪੁਰਖ ਦੇ ਪ੍ਰਾਇਣ ਹੁੰਦੀ ਹੈ ਅਤੇ ਇਸ ਉਤੇ ਇਲਾਹੀ ਰੰਗਤ ਚੜ੍ਹ ਜਾਂਦੀ ਹੈ ਤਾਂ ਇਹ **'ਸਰਬੱਗ ਪਿਆਰ'** ਸਾਡੇ ਤਨ-ਮਨ ਵਿਚ ਦੀ ਸਮੁੱਚੀ ਕਾਇਨਾਤ ਲਈ ਆਪ-ਮੁਹਾਰੇ ਪ੍ਰਵਿਰਤ ਹੁੰਦਾ ਹੈ।

ਅਸੀਂ ਕਿਸੇ ਕੰਪਨੀ ਵਿਚ ਕੰਮ ਕਰਦੇ ਹਾਂ ਤਾਂ ਉਸ ਕੰਪਨੀ ਦਾ ਭਲਾ ਲੋੜਦੇ ਹਾਂ ਅਤੇ ਉਸਦੀ ਤਰੱਕੀ ਲਈ ਪੂਰੀ ਦਿਆਨਤਦਾਰੀ ਨਾਲ ਮਿਹਨਤ ਕਰਦੇ ਹਾਂ। ਇਸਦੇ ਬਦਲੇ ਸਾਨੂੰ ਕੰਪਨੀ ਵਲੋਂ ਤਨਖਾਹ ਮਿਲਦੀ ਹੈ।

ਇਸੇ ਤਰ੍ਹਾਂ ਅਸੀਂ ਅਕਾਲ-ਪੁਰਖ ਦੇ **ਵਡ-ਖੇਲੁ-ਤਮਾਸ਼ੇ** ਰੂਪੀ ਇਲਾਹੀ ਕੰਪਨੀ ਵਿਚ ਸਤਿਗੁਰੂ ਦੇ **ਬੇ-ਖਰੀਦ ਗੋਲੇ ਬਣ ਕੇ** ਦੁਨੀਆਂ ਵਿਚ ਰਹਿੰਦਿਆਂ ਹੋਇਆਂ



This 'attachment' is a materialistic demerit (it is not a virtue), which is coloured by the hue of 'egotism', me-mineness or second love.

In the same way our whole life is coloured by 'second-love' (of materialism).

In contrast to this, Gurbani advices us to love the universal creation where –

*No one is my enemy, and I am no one's enemy.*
*God, who expanded His expanse, is within all; I learned this from the True Guru. ||2||*
*I am a friend to all; I am everyone's friend.*
*When the sense of separation was removed from my mind, then I was united with the Lord, my King.* 671

This can only happen if we can rise above (the materialistic) second-love and feel '*Your Light is prevailing everywhere. Wherever I look, there I see the Lord'* in the universal creation.

The truth is

UNIVERSAL LOVE

is the Timeless Beings

DISTINGUISHED

virtue and when our soul comes under the influence of the Timeless Being it gets engulfed in the divine hue or colour and this 'universal love' automatically takes root in our mind and body for the whole creation.

When we work in any company then we desire the wellbeing-ness of that company and we render full dedicated effort to ensure its success. In return we get a salary form the company.

In the same way we, while abiding in this world, become the purchased slaves of the satguru, in the Timeless Being's great-play-drama's embodiment of the divine company

**'ਕਿਰਤ-ਵਿਰਤ ਕਰ ਧਰਮ ਦੀ'** ਅਨੁਸਾਰ ਕਰਮ ਕਰਨੇ ਹਨ ਅਤੇ ਫਿਰ ਆਤਮ-ਪ੍ਰਾਇਣ ਹੋ ਕੇ—

ਸਤਿਗੁਰੂ ਦੀ ਯਾਦ ਵਿਚ
ਸਤਿਗੁਰੂ ਦੇ ਭਾਣੇ ਵਿਚ
ਸਤਿਗੁਰੂ ਦੇ ਸ਼ੁਕਰਾਨੇ ਵਿਚ

**ਹੁਕਮੀ ਬੰਦੇ** ਬਣ ਕੇ ਉਸ—

**ਸਿਰਜਣਹਾਰ ਦੇ ਹੁਕਮ ਦੀ ਕਾਰ**

ਕਮਾਉਣੀ ਹੈ ।

ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ
ਹਿਕਮਤਿ ਹੁਕਮੁ ਚੁਕਾਈਐ ॥ (ਪੰਨਾ-੭੨੨)

ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ ॥ (ਪੰਨਾ-੯੯੧)

ਸਚਾ ਤੇਰਾ ਹੁਕਮੁ ਗੁਰਮੁਖਿ ਜਾਣਿਆ ॥
ਗੁਰਮਤੀ ਆਪੁ ਗਵਾਇ ਸਚੁ ਪਛਾਣਿਆ ॥ (ਪੰਨਾ-੧੪੪)

ਇਤਿਹਾਸ ਵਿਚ ਰਾਜਾ ਜਨਕ ਤੇ ਹੋਰ ਅਨੇਕਾਂ ਗੁਰਮੁਖ **ਗ੍ਰਿਹਸਤ-ਉਦਾਸੀਆਂ** ਦਾ ਜ਼ਿਕਰ ਹੈ, ਜਿਨ੍ਹਾਂ ਮਾਇਆ ਵਿਚ ਰਹਿੰਦਿਆਂ ਵੀ 'ਹਸੰਦਿਆਂ ਖੇਲੰਦਿਆਂ ਪੈਨੰਦਿਆਂ ਖਾਵੰਦਿਆਂ ਵਿਚੇ ਹੋਵੈ ਮੁਕਤਿ' ਅਨੁਸਾਰ ਆਪਣਾ ਜੀਵਨ ਸਫਲ ਕੀਤਾ—

ਭਗਤੁ ਵਡਾ ਰਾਜਾ ਜਨਕੁ ਹੈ ਗੁਰਮੁਖਿ ਮਾਇਆ ਵਿਚਿ ਉਦਾਸੀ ।
(ਵਾ.ਭਾ ਗੁ. ੧੦/੫)

ਹਉ ਸਦਕੇ ਤਿਨ੍ਹਾ ਗੁਰਸਿਖਾਂ ਸਤਿਗੁਰ ਨੋ ਮਿਲਿ ਆਪੁ ਗਵਾਇਆ ।
ਹਉ ਸਦਕੇ ਤਿਨ੍ਹਾ ਗੁਰਸਿਖਾਂ **ਕਰਨਿ ਉਦਾਸੀ ਅੰਦਰਿ ਮਾਇਆ ।**
(ਵਾ.ਭਾ.ਗੁ. ੧੨/੬)

ਗੁਰਮੁਖਿ ਸੁਖ ਫਲੁ ਸਾਧਸੰਗੁ ਮਾਇਆ ਅੰਦਰਿ ਕਰਨਿ ਉਦਾਸੀ ।
ਜਿਉ ਜਲ ਅੰਦਰਿ ਕਵਲੁ ਹੈ ਸੂਰਜ ਧਯਾਨੁ ਅਗਾਸੁ ਨਿਵਾਸੀ ।
(ਵਾ.ਭਾ.ਗੁ. ੧੫/੨੧)



and becoming soul-centred through righteous activity as we are engaged

in the remembrance of the satguru
in the will of the satguru
in the thanksgiving of the satguru

we become persons rooted in the hukam or command who

will have to cultivate

**the hukam or command of the Creator.**

1 *Whatever the Lord does, accept that as good; do away with your own cleverness and self-will.* 722

2 *Recognizing the Hukam, the Command of his Lord and Master, what other cleverness is there?* 991

3 *True is the Hukam of Your Command. To the Gurmukh, it is known.*
*Through the Guru's Teachings, selfishness and conceit are eradicated, and the Truth is realized.* 144

In the annals of history there is reference to numerous guru-orientated house-holder renunciates like Raja Janak who lived fulfilled lives 'and became liberated while laughing, playing, dressing and eating (in the world of) materialism.

4 *King Janak was a great saint who amidst maya remained indifferent to it.*
*VBG 10/5*

5 *May I be a sacrifice unto those Gursikhs who, meeting the true Guru have lost their ego.* *VBG 12/6*

6 *Gumukhs get pleasure in the company of saints. They remain indifferent to maya though they live in it.*
*As a lotus, which remains in water and yet keep its gaze fixed towards the sun, gurmukhs always keep their consciousness attuned to the Lord.*
*VBG15/21*

**ਗੁਰਸਿਖ ਜੋਗੀ ਜਾਗਦੇ ਮਾਇਆ ਅੰਦਰਿ ਕਰਨਿ ਉਦਾਸੀ।**

(ਵਾ.ਭਾ.ਗੁ. ੨੯/੧੫)

ਪਰ ਅਸੀਂ ਬੇਅੰਤ ਜੂਨਾਂ ਤੋਂ **ਮਾਇਆ ਦੇ ਲਾਲੇ-ਗੋਲੇ** ਬਣੇ ਹੋਏ ਹਾਂ।

**ਹੈਰਾਨੀ** ਦੀ ਗੱਲ ਹੈ ਕਿ **ਭਾਵੇਂ** ਅਸੀਂ **'ਮਾਇਆ'** ਅਥਵਾ **'ਦੂਜੇ-ਭਾਉ'** ਦੇ ਗੋਲੇ ਹਾਂ, ਪਰ ਇਹ ਗੱਲ ਮੰਨਣ ਨੂੰ ਅਸੀਂ ਕਦਾਚਿਤ ਤਿਆਰ ਨਹੀਂ ਹਾਂ।

ਇਕ ਪਾਸੇ ਅਸੀਂ ਇਸ ਮੋਹਣੀ-ਮਾਇਆ ਦੀ ਚਾਕਰੀ ਕਰਦੇ ਹਾਂ ਤੇ ਦੂਸਰੇ ਪਾਸੇ ਆਪਣੇ **ਕੂੜੇ ਮਨ** ਦੀ **ਕੂੜੀ ਹੱਠਤਾਈ** ਨੂੰ **ਕੂੜੀ ਤਸੱਲੀ** ਦੇਣ ਲਈ ਤੇ ਲੋਕਾਂ ਦੀ ਵਾਹ-ਵਾਹ ਖੱਟਣ ਲਈ ਪਰਮਾਰਥੀ ਹੋਣ ਦਾ ਪਖੰਡ ਵੀ ਕਰ ਲੈਂਦੇ ਹਾਂ।

ਇਸ ਤਰ੍ਹਾਂ ਸਾਡਾ ਮਨ ਤਾਂ **'ਦੂਜੇ-ਭਾਉ'** ਵਿਚ ਗਲਤਾਨ ਹੁੰਦਾ ਹੈ, ਪਰ ਉਪਰੋਂ ਅਸੀਂ ਗੁਰਬਾਣੀ ਨੂੰ ਮੱਥਾ ਟੇਕ ਕੇ, ਆਪਣੀ ਓਪਰੀ ਜਿਹੀ ਸ਼ਰਧਾ ਜਾਹਰ ਕਰਕੇ ਰੱਬ ਨਾਲ ਵੀ ਠਾਠਾ-ਬਾਗਾ ਕਰ ਛਡਦੇ ਹਾਂ।

ਅਜਿਹੇ ਦੁਚਿਤਿਆਂ ਦਾ ਹਾਲ— 'ਨਾ ਇਧਰ ਕੇ ਰਹੇ ਨ ਉਧਰ ਕੇ' ਅਨੁਸਾਰ 'ਦੁਬਿਧਾ ਮੇਂ ਦੋਨੋਂ ਗਏ ਮਾਇਆਂ ਮਿਲੀ ਨਾ ਰਾਮ' ਵਾਲਾ ਹੁੰਦਾ ਹੈ।

ਅਸਲ ਵਿਚ ਸਾਡੇ ਅੰਤਿਸ਼ਕਰਨ ਅਥਵਾ ਜੀਵਨ ਵਿਚ ਇਸ **'ਦੂਜੀ ਦੋਇ'** ਦਾ ਇਸ ਕਦਰ ਬੋਲ-ਬਾਲਾ ਤੇ ਵਰਤ-ਵਰਤਾਰਾ ਹੈ, ਕਿ ਇਸਦੇ—

ਮਾਇਕੀ ਜਾਦੂ

ਕੂੜੀ ਗੁਲਾਮੀ

ਮੈਂ-ਮੇਰੀ ਦੀ ਪਕੜ

ਵਿਚੋਂ ਨਿਕਲਨਾ ਅਸੰਭਵ ਹੈ। ਕਿਉਂਕਿ ਜਨਮ-ਜਨਮਾਂਤਰਾਂ ਤੋਂ ਇਸ ਦਾ ਅਭਿਆਸ ਕਰ ਕਰ ਕੇ ਅਸੀਂ—

**'ਦੂਜੇ-ਭਾਉ' ਦਾ ਸਰੂਪ (embodiment)**

ਬਣ ਚੁੱਕੇ ਹਾਂ। ਅਸਲ ਵਿਚ ਸਾਡਾ **ਰੱਬ ਦੂਜੇ-ਭਾਉ ਵਾਲੀ ਮਾਇਆ ਹੈ ਤੇ ਸਾਡਾ ਪਰਮਾਰਥ ਇਸ ਝੂਠੀ ਮਾਇਆ ਦੀ ਪੂਜਾ ਕਰਨਾ !**



1 *Yogi Sikhs of the Guru are ever awake and remain detached amidst maya.*

*VBG29/15*

But over numerous births we have become the slaves and servants of materialism.

The surprising thing is that although we are the slaves and servants of materialism or 'second-love', but we are never ever prepared to admit sthat this is the case.

On one side we are serving this scintillating materialism, and on the other side we put on a hypocritical display of being religious in order to give false reassurance to the false doggedness of our false mind and to gain praise from people.

In this way although (we know that)our mind is engrossed in 'second-love', by superficially placing our head before the guru as an expression of our phony faith, we are indeed playing the same game of superficiality with God.

The state of such double minded beings according to the saying 'neither here nor there', is such that, 'in double-mindedness both are gone, neither materialism nor God is obtained'.

The truth is that in our subconscious mind or life there is this important predominating position and supporting behaviour about 'dualism' that it is very difficult to come out of its–

magic of materialism

false slavery

clutches of me-mineness.

The reason is that its unrelenting practice over numerous birth has made us into

**AN EMBODIMENT OF 'SECOND LOVE'**

In fact our god is the materialism of second love and our religion is to worship this false materialism!

ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥ (ਪੰਨਾ-੧੩੩)

ਏਹੁ ਸਰੀਰੁ ਸਭ ਮੂਲੁ ਹੈ ਮਾਇਆ ॥
ਦੂਜੈ ਭਾਇ ਭਰਮਿ ਭੁਲਾਇਆ ॥ (ਪੰਨਾ-੧੦੬੫)

ਮੇਰੀ ਮੇਰੀ ਕਰਤੇ ਜਨਮੁ ਗਇਓ ॥ (ਪੰਨਾ-੪੭੯)

ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ ॥ (ਪੰਨਾ-੧੧੫੩)

ਅਸਲ ਵਿਚ ਅਸੀਂ ਇਸ—

ਮਾਇਆ ਦੇ ਭਗਤ ਹਾਂ
ਮਾਇਆ ਦੇ ਗੁਲਾਮ ਹਾਂ
ਮਾਇਆ ਦੇ ਬੈ-ਖਰੀਦ ਗੋਲੇ ਹਾਂ
ਮਾਇਆ ਦੇ ਸੇਵਕ ਹਾਂ
ਮਾਇਆ ਦਾ ਖਿਆਲ ਕਰਦੇ ਹਾਂ
ਮਾਇਆ ਦੀ ਚਿਤਵਨੀ ਕਰਦੇ ਹਾਂ
ਮਾਇਆ ਦਾ ਹੁਕਮ ਮੰਨਦੇ ਹਾਂ
ਮਾਇਆ ਵਿਚ ਜੀਂਦੇ ਹਾਂ
ਮਾਇਆ ਵਿਚ ਥੀਂਦੇ ਹਾਂ
ਮਾਇਆ ਵਿਚ ਜੰਮਦੇ ਹਾਂ
ਮਾਇਆ ਵਿਚ ਮਰਦੇ ਹਾਂ ।

ਇਸ ਤਰ੍ਹਾਂ ਅਸੀਂ **ਮਾਇਆ-ਪ੍ਰਾਇਣ ਹਾਂ ਅਤੇ ਮਾਇਆ ਹੀ ਸਾਡਾ ਜੀਵਨ ਰੂਪ ਹੈ ।**

ਇਤਨਾ ਕੁਝ ਹੁੰਦਿਆਂ ਵੀ ਸਾਨੂੰ—

ਮਾਇਆ ਦੀ ਖਿੱਚ
ਮਾਇਆ ਦੀ ਗੁਲਾਮੀ
ਮਾਇਆ ਦੇ ਜਾਦੂ
ਮਾਇਆ ਦੇ ਦੁਖ ਕਲੇਸ਼
ਮਾਇਆ ਦੀ ਗਿਲਾਨੀ

ਦਾ ਅਹਿਸਾਸ ਨਹੀਂ, ਕਿਉਂਕਿ ਕਈ **ਜਨਮਾਂ** ਤੋਂ ਅਸੀਂ ਇਸ ਵਿਚ ਗਲਤਾਨ ਹੋ ਕੇ ਜੀਵਨ ਬਤੀਤ ਕਰਦੇ ਆ ਰਹੇ ਹਾਂ —

ਇਨਿ੍ ਮਾਇਆ ਜਗਦੀਸ ਗੁਸਾਈ ਤੁਮ੍ਰੇ ਚਰਨ ਬਿਸਾਰੇ ॥
ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ ॥ (ਪੰਨਾ-੮੫੭)



1 *She has forgotten the Lord, her Life-companion, her Master; she has become attached to Maya, the deceitful one.* 133

2 *This body is the source of all Maya;*
*in love with duality, it is deluded by doubt.* 1065

3 *His life wastes away as he cries out, "Mine, mine!"* 479

4 *The disease of duality is so very deadly; it causes dependence on Maya.* 1153

The truth is –

we are the devotees of materialism
we are the slaves of materialism
we are the purchased slaves of materialism
we are the servants to materialism
we are thinking of materialism
we are focused on materialism
we abide by the command of materialism
we live in materialism
we are soaked in materialism
we are born in materialism
we die in materialism.

In this way we are subjugated by materialism and materialism is the embodiment of our life.

In spite of the fact that all this is happening we have no awareness of –

the pull of materialism
the slavery of materialism
the magic of materialism
the pain and misery of materialism
the repugnance of materialism.

because over numerous births we have been entangled in it and living our life accordingly.

5 *This Maya has made me forget Your feet, O Lord of the World, Master of the Universe.*
*Not even a bit of love wells up in Your humble servant; what can Your poor servant do?* 857

ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥
ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥ (ਪੰਨਾ-੫੦)

ਮਾਇਆ ਮੋਹੁ ਸਭੁ ਕੂੜੁ ਹੈ ਕੂੜੋ ਹੋਇ ਗਇਆ ॥
ਹਉਮੈ ਝਗੜਾ ਪਾਇਓਨੁ ਝਗੜੈ ਜਗੁ ਮੁਇਆ ॥ (ਪੰਨਾ-੭੯੦)

ਇਸ ਤਰ੍ਹਾਂ 'ਦੂਜੇ-ਭਾਉ' ਵਾਲੀ **ਮਾਇਕੀ ਰੰਗਣ** ਸਾਡੇ ਜੀਵਨ ਦੇ ਹਰ ਪੱਖ ਵਿਚ ਅਣਜਾਣੇ **ਸਹਿਜ-ਸੁਭਾਇ ਹੀ ਪ੍ਰਵਿਰਤ** ਹੁੰਦੀ ਰਹਿੰਦੀ ਹੈ ।

ਮਿਸਾਲ ਦੇ ਤੌਰ ਤੇ—

ਮੇਰਾ ਸਰੀਰ
ਮੇਰਾ ਪਰਿਵਾਰ
ਮੇਰੀ ਸੰਪਤੀ
ਮੇਰੀ ਸਿਆਣਪ
ਮੇਰੀ ਕਾਮਨਾ

ਆਦਿ ।

ਇਸ ਤਰ੍ਹਾਂ ਸਾਡੇ ਖਿਆਲਾਂ, ਬੋਲਚਾਲ, ਹਰਕਤਾਂ ਤੇ ਭਾਵਨਾਵਾਂ ਵਿਚ **'ਮੈਂ-ਮੇਰੀ'** ਅਥਵਾ **ਦੂਜੇ-ਭਾਉ** ਦਾ ਅਹਿਸਾਸ ਤਾਣੇ-ਪੇਟੇ ਵਾਂਗ ਓਤ-ਪੋਤ ਰਵਿ ਰਹਿਆ ਹੈ ।

ਜਦ ਜੀਵ ਨੂੰ ਮਾਇਆ ਦੀ **'ਪਾਹ'** ਚੜ੍ਹ ਜਾਂਦੀ ਹੈ ਤਾਂ ਉਸ ਵਿਚ ਮਾਇਕੀ ਮੰਡਲ ਦੇ ਸਾਰੇ **ਅਉਗਣ ਪ੍ਰਵੇਸ਼ ਹੋ ਜਾਂਦੇ** ਹਨ । ਜਿਉਂ-ਜਿਉਂ ਮਾਇਆ ਦੀ ਇਹ ਰੰਗਤ ਗਾੜ੍ਹੀ ਹੁੰਦੀ ਜਾਂਦੀ ਹੈ, ਤਿਉਂ ਤਿਉਂ ਜੀਵ ਆਪਣੇ ਅਸਲੇ ਅਥਵਾ ਆਤਮ-ਮੰਡਲ ਨੂੰ ਭੁੱਲਦਾ ਤੇ ਉਸਤੋਂ ਬੇਮੁਖ ਹੁੰਦਾ ਜਾਂਦਾ ਹੈ । ਇਸ ਤਰ੍ਹਾਂ ਜੀਵ ਮਾਇਆ ਵਿਚ ਖਚਤ ਹੁੰਦਾ ਜਾਂਦਾ ਹੈ ।

ਇਸ ਮਾਇਕੀ ਜਾਦੂ ਨੇ ਮਰਦਾਨੇ ਨੂੰ **ਭੇਡੂ** ਬਣਾ ਦਿੱਤਾ ਸੀ, ਇਸਤੋਂ ਛੁਡਾਵੇ ਕੌਣ ?

ਜਿਵੇਂ ਹਨੇਰਾ ਆਪਣੇ ਅੰਧਕਾਰ ਨੂੰ ਖੁਦ ਦੂਰ ਨਹੀਂ ਕਰ ਸਕਦਾ, ਇਸੇ ਤਰ੍ਹਾਂ ਅਸੀਂ **'ਦੂਜੇ ਭਾਉ'** ਦੇ ਅੰਧ-ਗੁਬਾਰ ਤੋਂ ਆਪਣੇ ਆਪ ਛੁਟਕਾਰਾ ਨਹੀਂ ਪਾ ਸਕਦੇ । ਇਸ ਨੂੰ ਕੇਵਲ ਗੁਰੂ ਦੀ ਕ੍ਰਿਪਾ ਦੁਆਰਾ **ਅਨੁਭਵੀ ਪ੍ਰਕਾਸ਼** ਦੀ ਰੌਸ਼ਨੀ ਨਾਲ ਹੀ ਦੂਰ ਕੀਤਾ ਜਾ ਸਕਦਾ ਹੈ ।



1 *Maya has spread out her net, and in it, she has placed the bait.*
*The bird of desire is caught, and cannot find any escape, O my mother.* 50

2 *Attachment to Maya is totally false, and false are those who go that way.*
*Through egotism, the world is caught in conflict and strife, and it dies.* 790

In this way the materialistic colour or hue of 'second-love' unknowingly and spontaneously keeps pervading in every facet of our life.

As an example –

my body
my family
my possessions
my intellect
my desire

etc.

In this way the feeling of 'me-mine' or 'second-love' exists like warp and weft (interwoven) in all our thoughts, talk, actions and emotions.

When man gets well dyed with materialism then all the negative traits of the materialistic sphere infuse into him. As the hue or colour of materialism keeps getting denser,in the same way man begins to forget and drift away from his True Self or the Divine Realm. In this way man gets engrossed into materialism.

This materialistic magic or charm changed Mardhana into a ram. Who can free us from this?

Just as darkness by itself cannot get rid its own darkness, in the same way we cannot free ourselves from the pitch-darkness of 'second-love'. It can only lifted by grace of the Guru through the light of intuitional illumination.

ਜਿਵੇਂ ਚਾਨਣ ਦੀ ਅਣਹੋਂਦ ਤੋਂ ਹਨੇਰਾ ਉਤਪੰਨ ਹੁੰਦਾ ਹੈ, ਇਸੇ ਤਰ੍ਹਾਂ **'ਦੂਜੇ-ਭਾਉ'** ਦਾ ਭਰਮ-ਭੁਲਾਵਾ ਵੀ **ਆਤਮਿਕ ਪ੍ਰਕਾਸ਼ ਦੀ ਅਣਹੋਂਦ** ਅਥਵਾ **ਪਰਮਾਤਮਾ ਦੀ ਭੁੱਲ** ਤੋਂ ਉਪਜਿਆ ਹੈ—ਇਹ ਦੋਵੇਂ ਇਕ ਥਾਂ ਇਕੱਠੇ ਨਹੀਂ ਰਹਿ ਸਕਦੇ—

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥ (ਪੰਨਾ-੬੫੭)

ਇਸਤੋਂ ਸਪਸ਼ਟ ਹੈ ਕਿ **'ਦੂਜੇ ਭਾਉ'** ਦੀ ਭਾਵਨਾ **ਪਰਮੇਸ਼ਰ ਦੀ ਭੁੱਲ** ਵਿਚੋਂ ਉਪਜਦੀ ਹੈ ।

ਪਰਮੇਸ਼ਰ ਦੀ ਯਾਦ ਜਾਂ ਸਿਮਰਨ ਦੁਆਰਾ **'ਦੂਜੇ ਭਾਉ'** ਦਾ ਅਭਾਵ ਹੋ ਸਕਦਾ ਹੈ ।

ਦੂਜੇ ਲਫਜ਼ਾਂ ਵਿਚ—

**'ਮੈਂ-ਮੇਰੀ'**

ਦੀ ਭਾਵਨਾ ਨੂੰ—

**'ਤੂੰ ਤੇਰੀ'**

ਵਿਚ ਬਦਲਣ ਦੀ ਲੋੜ ਹੈ ।

ਜਦ ਬੁੱਲ੍ਹੇ ਸ਼ਾਹ ਨੇ ਆਪਣੇ ਗੁਰੂ ਸ਼ਾਹ ਅਨਾਇਤ ਨੂੰ ਰੱਬ ਨੂੰ ਮਿਲਣ ਦਾ ਰਸਤਾ ਪੁਛਿਆ ਤਾਂ ਉਹ ਗੰਢਿਆਂ ਦੀ ਪਨੀਰੀ ਲਾ ਰਹੇ ਸਨ । ਉਨ੍ਹਾਂ ਇਕ ਬੂਟਾ ਪਨੀਰੀ ਦਾ ਪੁੱਟ ਕੇ ਦੂਸਰੇ ਥਾਂ ਲਾਉਂਦਿਆਂ ਬੁਲ੍ਹੇ ਸ਼ਾਹ ਨੂੰ ਜਵਾਬ ਦਿੱਤਾ—

ਬੁਲ੍ਹਿਆ ਰੱਬ ਦਾ ਕੀ ਪਾਉਣਾ ।<br>ਐਧਰੋਂ ਪੁੱਟਣਾ ਔਧਰ ਲਾਉਣਾ ।

ਇਸ ਤਰ੍ਹਾਂ ਅਸੀਂ ਮਨ ਨੂੰ ਮਾਰ ਨਹੀਂ ਸਕਦੇ ਸਗੋਂ, ਇਸ ਹਉਂਧਾਰੀ ਮਨ ਨੂੰ—

**'ਆਤਮਿਕ ਪਿਉਂਦ'**

ਚਾੜ੍ਹ ਸਕਦੇ ਹਾਂ । ਇਹ ਆਤਮਿਕ ਪਿਉਂਦ ਬਖਸ਼ੇ ਹੋਏ ਗੁਰਮੁਖ ਪਿਆਰਿਆਂ ਦੀ ਸੰਗਤ ਵਿਚ ਸੇਵਾ, ਸਿਮਰਨ ਤੇ ਗੁਰਪ੍ਰਸਾਦਿ ਦੁਆਰਾ ਚੜ੍ਹ ਸਕਦੀ ਹੈ ।

ਗੁਰਬਾਣੀ ਅਨੁਸਾਰ ਸਾਧ ਸੰਗਤ ਦੀ ਪਿਉਂਦ ਦੁਆਰਾ ਸਾਡੇ ਮਨ ਦਾ ਰੁਖ ਉਲਟ ਕੇ **ਆਤਮ ਪ੍ਰਾਇਣ** ਹੁੰਦਾ ਜਾਵੇਗਾ ਅਤੇ ਸਹਿਜੇ-ਸਹਿਜੇ ਅਸੀਂ ਮਨਮੁਖ ਤੋਂ ਗੁਰਮੁਖ ਹੁੰਦੇ ਜਾਵਾਂਗੇ ।

ਸਭ ਤੋਂ ਉਚੀ-ਸੁੱਚੀ ਤੇ ਕਾਰਗਰ ਪਿਉਂਦ **ਇਲਾਹੀ-ਪਿਆਰ** ਹੈ ।<br>ਮਨ ਰੇ **ਕਿਉ ਛੂਟਹਿ ਬਿਨੁ ਪਿਆਰ** ॥ (ਪੰਨਾ-੬੦)



Just like the absence of light brings about darkness, in the same way the doubt fallacy of 'second-love' too has arisen from the absence of divine illumination or the (state of) forgetfulness of the Timeless Being – both these (light and darkness) cannot coexist –

1 *When I was, then You were not; now that You are, I am not.* *657*

It is clear from this that the desire of 'second-love' arises from the forgetfulness of the Timeless Being.

Through the remembrance of the Timeless Being or *simran* the (strangle hold of) 'second-love' can be ended.

In other words there is a need to transform

the feeling of **'me-mineness'**

to **'You-Yours'.**

When Buleh Shah asked his guru, Shah Anait, the way (one needs to take to) to meet God, he (Shah Anait) was sowing onion seedlings. While uprooting one plant to replant it in another place he replied to Buleh Shah –

O Buleh Shah, what does it take to know God!<br>Uproot from this side and replant the other side.

In this way, we are not killing the mind instead, we are grafting this ego-ridden mind with the

**'SPIRITUAL GRAFT' .**

This divine graft can be grafted in the sangat or company of blessed guru-orientated beloveds through sewa, simran and the blessings of the Guru.

According to Gurbani through the grafting of the sadh sangat, the company of the holy, the inclination of our mind takes an about turn to become spiritually inclined and by and by we will get transformed from a manmukh, a mind orientated one to a gurmukh, a guru-orientated being.

The loftiest, purest and effective graft is **Divine Love.**

2 *O mind, how can you be saved without love?* *60*

ਕਿਆ ਜਪੁ ਕਿਆ ਤਪੁ ਸੰਜਮੋ ਕਿਆ ਬਰਤੁ ਕਿਆ ਇਸਨਾਨੁ ॥
ਜਬ ਲਗੁ ਜੁਗਤਿ ਨ ਜਾਨੀਐ **ਭਾਉ ਭਗਤਿ ਭਗਵਾਨ ॥** (ਪੰਨਾ-੩੩੭)

ਸਾਚੁ ਕਹੋਂ ਸੁਨ ਲੇਹੁ ਸਭੈ
**ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥** (ਸਵੱਯੇ ਪਾ. ੧੦)

ਜਦੋਂ ਸਾਧ-ਸੰਗਤ ਅਤੇ ਸਿਮਰਨ ਨਾਲ ਸਾਡਾ ਮਨ ਨਿਰਮਲ ਹੁੰਦਾ ਜਾਂਦਾ ਹੈ ਤਾਂ ਸਾਡੀ ਆਤਮਾ ਦਾ ਅਕਸ ਸਾਡੇ ਮਨ ਉਤੇ ਪੈਂਦਾ ਹੈ। ਇਸ ਤਰ੍ਹਾਂ ਸਾਡੇ ਅੰਦਰ--

**'ਮੈਂ-ਮੇਰੀ'**

ਦੇ ਪਿਆਰ ਦੀ ਥਾਂ—

**'ਤੂੰ-ਤੇਰੀ'**

ਦਾ ਪਿਆਰ ਵਧਦਾ ਜਾਂਦਾ ਹੈ। ਇਸ 'ਉਪਜੀ ਪ੍ਰੀਤ ਪ੍ਰੇਮ-ਰਸ ਚਾਉ' ਵਾਲੀ ਰੰਗਤ ਨਾਲ **'ਦੂਜੇ ਭਾਉ'** ਦਾ ਭਰਮ ਦੂਰ ਹੋ ਜਾਂਦਾ ਹੈ ਅਤੇ ਜੀਵ ਨੂੰ ਮਹਿਸੂਸ ਹੋਣ ਲਗ ਪੈਂਦਾ ਹੈ—

ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ ॥
ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ ॥ (ਪੰਨਾ-੧੩੬੭)

ਮੇਰਾ ਕੀਆ ਕਛੂ ਨ ਹੋਇ ॥
ਕਰਿ ਹੈ ਰਾਮੁ ਹੋਇ ਹੈ ਸੋਇ ॥ (ਪੰਨਾ-੧੧੬੫)

ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ ॥ (ਪੰਨਾ-੨੦੬)

ਇਹ 'ਉਲਟੀ ਖੇਲ ਪ੍ਰਿਮ ਕੀ' ਔਖੀ ਤੇ ਗਾਖੜੀ ਜ਼ਰੂਰ ਹੈ, ਪਰ ਸਾਧ ਸੰਗਤ ਤੇ ਗੁਰੂ ਦੀ ਕ੍ਰਿਪਾ ਦੁਆਰਾ ਸੌਖੀ ਹੋ ਜਾਂਦੀ ਹੈ—

ਸਾਧ ਕੈ ਸੰਗਿ ਨਹੀ ਕਛੁ ਘਾਲ ॥
ਦਰਸਨੁ ਭੇਟਤ ਹੋਤ ਨਿਹਾਲ ॥ (ਪੰਨਾ-੨੭੨)

ਮਿਲਿ ਸਤਸੰਗਤਿ ਹਰਿ ਗੁਣ ਗਾਏ
ਜਗੁ ਭਉਜਲੁ ਦੁਤਰੁ ਤਰੀਐ ਜੀਉ ॥ (ਪੰਨਾ-੯੫)

ਇਸ ਇਲਾਹੀ—

ਪ੍ਰਿਮ ਖੇਲ੍ਹ
ਆਤਮਿਕ ਪਿਉਂਦ
ਮਤਿ ਬੁਧ ਬਦਲੀ

ਨਾਲ ਜੀਵ ਦੀ ਜ਼ਿੰਦਗੀ ਵਿਚ ਕੀ ਪਰਿਵਰਤਨ ਆਉਂਦਾ ਹੈ, ਇਸਦਾ ਨਿਰਨਾ ਇਉਂ



1 *What good is chanting, penance or self-mortification? What good is fasting or cleansing baths,*
*unless you know the way to worship the Lord God with loving devotion?* 337

2 *Listen everyone, I speak the truth*
*Those who love, they will find the Primal Being.* *Sevayeh P10*

When our mind becomes pure with the sadh sangat, the company of the holy and simran, then the reflection of our soul falls on it. In this way within us instead of the –

**'me-mineness'**

the love of

**'You-Yours'**

begins to increase. With the hue or colour of 'love, affection –essence, joy that arises', the doubt of 'second-love' departs and man begins to feel –

3 *Kabeer, I have not done anything; I shall not do anything; my body cannot do anything.*
*I do not know what the Lord has done, but the call has gone out: "Kabeer, Kabeer."* 1367

4 *I cannot do anything by my own actions.*
*Whatever the Lord does, that alone happens."* 1165

5 *What can the poor wooden puppet do? The Master Puppeteer knows everything.* 206

This 'reverse play of love' though hard difficult and necessary but through the blessings of the sadh-sangat and the guru it becomes simpler –

6 *In the Company of the Holy, there is no suffering.*
*The Blessed Vision of their Darshan brings a sublime, happy peace.* 272

7 *Joining the Sat Sangat, the True Congregation, and singing the Glorious Praises of the Lord, you shall cross over the treacherous and terrifying world-ocean.* 95

With this divine –

play of love
divine graft
transformation of consciousness and intellect

changes come into the life of man which can be detailed

ਕੀਤਾ ਜਾ ਸਕਦਾ ਹੈ—

| ਦੂਜਾ ਭਾਉ | | ਅਨੁਭਵੀ ਪ੍ਰਕਾਸ਼ |
|---|---|---|
| ਮਾਇਕੀ ਮੰਡਲ | — | ਆਤਮਿਕ ਮੰਡਲ |
| ਮੈਂ-ਮੇਰੀ | — | ਤੂੰ-ਤੇਰੀ |
| ਮਾਇਆ-ਪ੍ਰਾਇਣ | — | ਆਤਮ-ਪ੍ਰਾਇਣ |
| ਮਨਮੁਖ-ਜੀਵਨ | — | ਗੁਰਮੁਖ-ਜੀਵਨ |
| ਭਰਮ-ਭੁਲਾਵਾ | — | ਤੱਤ-ਗਿਆਨ |
| ਆਪਣਾ ਭਾਣਾ | — | ਹੁਕਮ ਰਜਾਈ ਚੱਲਣਾ |
| ਮਾਇਕੀ ਅਗਨੀ | — | ਨਾਮ ਦੀ ਠੰਢ |
| ਮਾਇਆ ਦੀ ਖਿੱਚ | — | ਪ੍ਰੀਤ ਡੋਰੀ ਦੀ ਖਿੱਚ |
| ਵੈਰ-ਵਿਰੋਧ | — | ਮੈਤ੍ਰੀ-ਭਾਵ |
| ਨਾਸਤਿਕ | — | ਆਸਤਿਕ |
| ਨਫਰਤ | — | ਪਿਆਰ |
| ਅਸ਼ਾਂਤੀ | — | ਸ਼ਾਂਤੀ |
| ਆਵਾਗਵਨ | — | ਬਹੁਰ ਨ ਮਰਨਾ |
| ਆਸਾ-ਮਨਸਾ | — | ਨਿਰ-ਇੱਛਤ |
| ਸ਼ਿਕਾਇਤ | — | ਸ਼ੁਕਰ |
| ਰੋਸ | — | ਸਭ ਭਲਾ |
| ਪਾਪ | — | ਪੁੰਨ |
| ਬਦ | — | ਨੇਕ |
| ਸਵਾਰਥ | — | ਪਰਉਪਕਾਰ |
| ਬਦਲਾ | — | ਖਿਮਾ |
| ਹੰਕਾਰ | — | ਨਿਮਰਤਾ |
| ਲੈ ਕੇ ਭਲਾ ਮਨਾਈ | — | ਦੇ ਕੇ ਭਲਾ ਮਨਾਈ |
| ਕਰਮ-ਬਧ | — | ਕਰਮਾਂ ਤੋਂ ਰਹਿਤ |
| ਢਹਿੰਦੀਆਂ ਕਲਾਂ | — | ਚੜ੍ਹਦੀਆਂ ਕਲਾਂ |
| ਕੂੜ | — | ਸਤ |
| ਦੂਜਾ-ਭਾਉ | — | ਇਕੋ-ਇਕ ਸਭ ਗੋਬਿੰਦ ਹੈ |

ਇਸ ਬਿਉਰੇ ਤੋਂ ਸਾਨੂੰ ਆਪਣੇ ਜੀਵਨ ਦਾ ਨਿਰਣਾ ਕਰਨ ਵਿਚ ਸਹਾਇਤਾ ਮਿਲ ਸਕਦੀ ਹੈ ਕਿ ਅਸੀਂ ਕਿਸ ਤਰ੍ਹਾਂ ਦਾ ਜੀਵਨ ਬਤੀਤ ਕਰ ਰਹੇ ਹਾਂ । ਇਸ ਤੋਂ ਸੇਧ ਲੈ ਕੇ ਅਸੀਂ ਅਪਣੇ ਜੀਵਨ ਵਿਚ ਸੁਧਾਰ ਲਿਆ ਸਕਦੇ ਹਾਂ । ਇਹ ਤਾਂ ਹੀ ਮੁਮਕਿਨ ਹੈ ਜੇ ਅਸੀਂ ਆਪਣੇ ਮਨ ਦੀ ਮਤਿ ਤਿਆਗ ਕੇ ਗੁਰੂ ਦੀ ਮਤਿ ਜਾਂ ਹੁਕਮ ਵਿਚ ਚੱਲੀਏ ।



as follows –

| Second Love | Intuitional Illumination |
|---|---|
| materialistic realm | spiritual realm |
| me-mineness | you-yours |
| absorbed in materialism | absorbed in spirituality |
| mind-orientated life | guru-orientated life |
| doubt-fallacy | essence knowledge |
| self willed | abide by the (divine) will |
| fire of materialism | the coolness of Naam |
| the pull of materialism | the pull of the cord of love |
| enmity-confrontation | feeling of togetherness |
| disbeliever | believer in God |
| hatred | love |
| disharmony | peace |
| transmigration | no more death |
| desires | desire less |
| complaints | gratefulness |
| grievance | goodwill |
| sin | virtue |
| evil | good |
| selfish | caring |
| revengeful | forgiving |
| egoistic | humility |
| happy to receive | happy to share |
| subject to reaction | free from reaction |
| spiritless | soaring spirit |
| falsehood | truth |
| second-love | one and only one Lord of the earth |

This table can help us to discern or determine the kind of our life we are leading. Taking cue from this we can bring about an improvement in our life. This is only possible if we surrender the mentality of our mind and accept the mentality or command of the Guru.

ਗੁਰ ਮਿਲਿ ਤਿਆਗਿਓ ਦੂਜਾ ਭਾਉ ॥
ਗੁਰਮੁਖਿ ਜਪਿਓ ਹਰਿ ਕਾ ਨਾਉ ॥ (ਪੰਨਾ-੧੧੪੭)

ਪਰ **ਸਾਡੀ** ਹਾਲਤ—

'ਪੰਚਾ ਦਾ ਕਿਹਾ ਸਿਰ ਮੱਥੇ, ਪਰਨਾਲਾ ਉਥੇ ਦਾ ਉਥੇ'
ਵਾਲੀ ਹੈ ।

ਸਿਫਰਾਂ (zero) ਜਿੰਨੀਆਂ ਮਰਜ਼ੀ ਇਕੱਠੀਆਂ ਕਰ ਲਉ ਉਨ੍ਹਾਂ ਦੀ ਕੋਈ ਕੀਮਤ ਨਹੀਂ । ਅਗਰ ਉਨ੍ਹਾਂ ਨਾਲ 'ਏਕਾ' ਲਗ ਜਾਵੇ ਤਾਂ ਸਾਰੀਆਂ ਸਿਫਰਾਂ ਦੀ ਕੀਮਤ ਪੈ ਜਾਂਦੀ ਹੈ ।

ਇਸ ਲਈ ਅਸੀਂ ਜ਼ਿੰਦਗੀ ਗੁਜ਼ਾਰਨੀ ਹੈ—'ਇਕ' ਨਾਲ ਲੱਗ ਕੇ । ਹੁਣ ਅਸੀਂ ਸਭ ਕੁਝ ਇਕ ਤੋਂ ਬਿਨਾਂ '**ਦੂਜੇ-ਭਾਉ**' ਵਿਚ ਕਰ ਰਹੇ ਹਾਂ ।

ਗੁਰਬਾਣੀ ਇਸਦੀ ਇਉਂ ਪੁਸ਼ਟੀ ਕਰਦੀ ਹੈ—

ਨਾਨਕ ਸਚਾ ਏਕੁ ਹੈ **ਦੂਹੁ ਵਿਚਿ ਹੈ ਸੰਸਾਰੁ ॥** (ਪੰਨਾ-੯੫੦)

ਜਦ ਬੂਟੇ ਨੂੰ ਪਿਉਂਦ ਚਾੜ੍ਹੀ ਜਾਂਦੀ ਹੈ ਤਾਂ ਬੂਟੇ ਵਿਚ 'ਜੀਵਨ-ਰੌਂ' ਤਾਂ ਉਹੀ ਹੁੰਦੀ ਹੈ, ਪਰ ਉਸਨੂੰ ਕੋਈ ਹੋਰ **ਰੰਗ** ਜਾਂ **ਤੱਤ** ਚੜ੍ਹ ਜਾਂਦਾ ਹੈ ।

ਇਸੇ ਤਰ੍ਹਾਂ ਨਲਕੇ ਵਿਚ ਪਾਣੀ ਤਾਂ ਓਹੀ ਹੁੰਦਾ ਹੈ, ਪਰ ਤੱਤੀ-ਠੰਢੀ ਟੈਂਕੀ ਵਿਚੋਂ ਲੰਘਦਾ ਪਾਣੀ ਤੱਤਾ-ਠੰਢਾ ਹੋ ਜਾਂਦਾ ਹੈ ।

ਠੀਕ ਇਸੇ ਤਰ੍ਹਾਂ ਸਾਡੇ ਮਨ ਨੂੰ ਚੰਗੀ-ਮਾੜੀ ਪਿਉਂਦ ਚੜ੍ਹਣ ਨਾਲ ਸਾਡਾ ਮਨ, ਬੁੱਧੀ, ਅੰਤਿਸ਼ਕਰਨ ਆਦਿ— ਸਭ ਕੁਝ ਬਦਲ ਜਾਂਦਾ ਹੈ ।

ਜਦ ਸਾਡੇ ਮਨ ਨੂੰ ਇਲਾਹੀ ਰੰਗਣ ਦੀ ਪਿਉਂਦ ਚੜ੍ਹ ਜਾਂਦੀ ਹੈ ਤਾਂ ਜੀਵ ਇਲਾਹੀ ਹੁਕਮ ਦੀ ਰਵਾਨਗੀ ਵਿਚ ਸੁਰ ਹੋ ਕੇ—

ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ......॥ (ਪੰਨਾ-੯੧੯)

ਅਨੁਸਾਰ ਜੀਵਨ ਬਤੀਤ ਕਰਦਾ ਹੈ ।

ਜਿਵੇਂ ਸੂਰਜ ਦੇ ਪ੍ਰਕਾਸ਼ ਵਿਚ ਮੋਮਬੱਤੀ ਦੀ ਹਸਤੀ ਮਾਤ ਪੈ ਜਾਂਦੀ ਹੈ, ਇਸੇ ਤਰ੍ਹਾਂ ਨਾਮ ਦੇ ਪ੍ਰਕਾਸ਼ ਸਾਹਮਣੇ '**ਦੂਜੇ-ਭਾਉ**' ਦਾ ਅੰਧ-ਗੁਬਾਰ ਉਡ-ਪੁਡ ਜਾਂਦਾ ਹੈ । ਜੀਵ ਨੂੰ ਅਨੁਭਵ ਹੁੰਦਾ ਹੈ ਕਿ ਜਿਸ **ਮੈਂ-ਮੇਰੀ** ਜਾਂ **ਦੂਜੇ ਭਾਉ** ਨੂੰ ਉਸਨੇ—

**ਜਨਮਾਂ-ਜਨਮਾਂ ਤੋਂ ਪਾਲਿਆ ਹੋਇਆ ਸੀ**

ਉਹ ਤਾਂ ਬਿਲਕੁਲ ਝੂਠ ਤੇ ਕੂੜ ਸੀ ।



1 *Meeting with the Guru, I have forsaken the love of duality.*
*As Gurmukh, I chant the Name of the Lord.* 1147

But our condition remains –

'I accept the words of the pure souls, but my lifestyle remains the same'.

Collect as many zeros as you like there is no value in them. But, if (the number) 'one' is attached to them then all the zeros assume a value.

For this reason we have to live this life – by attaching 'ONE' to it. Now all that we do is done without the ONE in 'second-love'.

Gurbani supports this as follows –

2 *O Nanak, the True Lord is the One and only; duality exists only in the world.* 950

When a plant is bud grafted, the life-force' of the plant is the same, but it takes on some other characteristic or essence.

Similarly, the same water flows through the tap, but the water flowing from the hot-cold tank become hot-cold.

Exactly in the same way, when our mind becomes grafted with something good or bad, our mind, intellect, subconsciousness etc. everything undergoes a change.

When our mind bets grafted with divine colour or hue, then it harmonises with the flow of the divine *hukam* or command and lives a life according (to the Guru's teachings) –

3 *As You lead me, I follow, O Lord.......*

Just like a candle light gets overshadowed in the presence of sunlight, in the same way in the face of the illumination of Naam, the mist of ignorance of 'second-love' disappears. Man comes to realise that the me-mineness or second-love he

**has been nurturing over numerous births**

is totally false and fake.

ਐਸਾ ਸਰਬਗ ਪਿਆਰ ਪੜ੍ਹਿਆ-ਪੜ੍ਹਾਇਆ, ਸਿਖਿਆ-ਸਿਖਾਇਆ, ਸਮਝਿਆ ਸਮਝਾਇਆ ਨਹੀਂ ਜਾ ਸਕਦਾ। ਇਸਦਾ ਸੋਮਾ ਅਕਾਲ-ਪੁਰਖ ਹੈ ਤੇ ਜਦ ਅਸੀਂ ਅਕਾਲ-ਪੁਰਖ ਨਾਲ ਜੁੜਦੇ ਹਾਂ ਤਾਂ ਇਹ ਪਿਆਰ ਸਾਨੂੰ ਸਹਿਜੇ ਹੀ ਵਿਰਸੇ ਵਿਚ ਮਿਲ ਜਾਂਦਾ ਹੈ, ਕਿਉਂਕਿ ਅਸੀਂ ਉਸਦੀ ਅੰਸ਼ ਹਾਂ।

ਸੋ ਇਸ ਕੂੜੇ '**ਦੂਜੇ-ਭਾਉ**' ਤੋਂ ਛੁਟਕਾਰਾ ਪਾਉਣ ਲਈ ਅਸੀਂ ਆਪਣੇ ਮਨ ਦੀਆਂ—

ਸਿਆਣਪਾਂ
ਉਕਤੀਆਂ-ਜੁਗਤੀਆਂ
ਏਹੜ-ਤੇਹੜ
ਹਉਂਮੈ
ਮੈਂ-ਮੇਰੀ

ਨੂੰ ਮੋੜ-ਮੋੜ ਕੇ **ਸਤਿਗੁਰੂ ਦੇ ਹੁਕਮ ਦੇ ਪ੍ਰਾਇਣ** ਕਰਨਾ ਹੈ—

ਤਜਹੁ ਸਿਆਨਪ ਸੁਰਿ ਜਨਹੁ ਸਿਮਰਹੁ ਹਰਿ ਹਰਿ ਰਾਇ ॥
ਏਕ ਆਸ ਹਰਿ ਮਨਿ ਰਖਹੁ ਨਾਨਕ ਦੂਖੁ ਭਰਮੁ ਭਉ ਜਾਇ ॥ (ਪੰਨਾ-੨੮੧)

ਚਲਦਾ—



This all embracing love, cannot be studied or taught, learned or handed down, understood or explained. Its fountain head is the Timeless Being and when we once again align ourselves with the Timeless Being, then we spontaneously get this love as a heritage because we are HIS (the Timeless Being's) of-springs.

So to free ourselves from this false 'second-love' we have to continually turn our mind's

cleverness
axioms and maxims
petty arguments
egotism
me-mineness

and subject it to the hukam or command of the Satguru.

*Give up your cleverness, good people - remember the Lord God, your King! Enshrine in your heart, your hopes in the One Lord. O Nanak, your pain, doubt and fear shall depart.* *281*

Cont/…….Lekh 132

L131.12

## ਭਾਗ-1

ਕੋਸ਼ ਵਿਚ 'ਸਿਮਰਨ' ਦੇ ਅਰਥ ਇਉਂ ਦੱਸੇ ਗਏ ਹਨ— "ਇਸ਼ਟ ਦਾ 'ਨਾਮ' ਅਥਵਾ 'ਗੁਣ' ਮਨ ਦੀ ਬ੍ਰਿਤੀ ਇਕਾਗਰ ਕਰਕੇ ਯਾਦ ਕਰਨਾ ।"

ਆਦਿ ਤੋਂ ਹੀ ਸਾਧਾਂ, ਸੰਤਾਂ, ਮਹਾਂਪੁਰਖਾਂ ਅਤੇ ਗੁਰੂਆਂ ਨੇ ਅਧਿਆਤਮਿਕ ਸਾਧਨ ਲਈ **'ਸਿਮਰਨ'** ਕਰਨ ਦੀ ਸਿਫਾਰਿਸ਼ ਕੀਤੀ ਹੈ ।

ਪਰ ਗੁਰਬਾਣੀ ਵਿਚ 'ਸਿਮਰਨ' ਦੀ ਵਿਸ਼ੇਸ਼ ਵਡਿਆਈ ਕੀਤੀ ਗਈ ਹੈ ਤੇ **ਸਿਮਰਨ ਕਰਨ ਦਾ ਤਾਕੀਦੀ ਹੁਕਮ ਕੀਤਾ ਗਿਆ ਹੈ ।**

ਗੁਰਬਾਣੀ ਪੜ੍ਹਦਿਆਂ, ਸਤਸੰਗਤ ਵਿਚ ਵਿਚਰਦਿਆਂ, **'ਸਿਮਰਨ'** ਦੀ ਵਡਿਆਈ ਤੇ ਅਹਿਮੀਅਤ ਨੂੰ ਸੁਣ-ਪੜ੍ਹ ਕੇ, ਕਈਆਂ ਜਗਿਆਸੂਆਂ ਦੇ ਮਨ ਵਿਚ ਸਿਮਰਨ ਕਰਨ ਲਈ ਉਤਸ਼ਾਹ ਤੇ ਉੱਦਮ ਪੈਦਾ ਹੁੰਦਾ ਹੈ, ਪਰ ਜਦ ਉਹ **ਸਿਮਰਨ** ਕਰਨ ਲਗਦੇ ਹਨ ਤਾਂ ਉਨ੍ਹਾਂ ਨੂੰ ਕਈ ਭੁਲੇਖਿਆਂ ਅਤੇ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ ।

ਆਮ ਤੌਰ ਤੇ ਜਗਿਆਸੂਆਂ ਦੀਆਂ ਸਿਮਰਨ ਬਾਬਤ ਇਹ ਸ਼ਿਕਾਇਤਾਂ ਅਤੇ ਭੁਲੇਖੇ ਹੁੰਦੇ ਹਨ —

1. 'ਸਿਮਰਨ' ਕੀ ਹੈ ?
2. ਸਿਮਰਨ ਕਿਸ 'ਅੱਖਰ' ਜਾਂ ਮੰਤਰ ਦਾ ਕਰਨਾ ਚਾਹੀਦਾ ਹੈ ?
3. ਸਿਮਰਨ ਕਿਸ ਵੇਲੇ ਕਰਨਾ ਚਾਹੀਦਾ ਹੈ ?
4. ਸਿਮਰਨ ਵਿਚ ਮਨ ਨਹੀਂ ਟਿਕਦਾ ।

**'ਸਿਮਰਨ' ਕੀ ਹੈ**— ਕਿਸੇ ਗੱਲ ਜਾਂ ਖਿਆਲ ਨੂੰ —

ਮਨ ਵਿਚ
ਚਿਤ ਵਿਚ
ਅੰਤਿਸ਼ਕਰਨ ਵਿਚ

ਅੰਤ੍ਰ-ਆਤਮੇ—

ਦ੍ਰਿੜਾਉਣ ਲਈ
ਵਸਾਉਣ ਲਈ
ਰਸਾਉਣ ਲਈ
ਪ੍ਰਗਟਾਉਣ ਲਈ

L110.1

ਉਸ ਨੂੰ ਮੁੜ-ਮੁੜ

ਚੇਤੇ ਕਰਨ
ਦੁਹਰਾਉਣ
ਜਪਣ
ਰਟਨ ਕਰਨ
ਅਭਿਆਸ ਕਰਨ
ਕਮਾਉਣ

**ਦੀ ਕ੍ਰਿਆ ਨੂੰ 'ਸਿਮਰਨ' ਕਿਹਾ ਜਾਂਦਾ ਹੈ ।**

'ਸਿਮਰਨ' ਦੀ 'ਅਧਿਆਤਮਿਕ ਕ੍ਰਿਆ', ਅਰਥਾਤ—

ਰਸਨਾ ਦੁਆਰਾ 'ਜਪਣਾ'
ਮਨ ਦੁਆਰਾ 'ਧਿਆਉਣਾ'
ਚਿਤ ਦੁਆਰਾ 'ਆਰਾਧਣਾ'
ਸੁਰਤ ਦੁਆਰਾ 'ਅਜਪਾ-ਜਾਪ'
ਲਿਵ ਦੁਆਰਾ 'ਆਤਮ-ਰਸ ਮਾਨਣਾ'

**ਹੀ ਜਗਿਆਸੂ ਦਾ ਵਿਸ਼ੇਸ਼ ਕਰਤਵ ਹੈ, ਧਰਮ ਹੈ, ਜੀਵਨ ਹੈ ।**

ਇਹ ਅਧਿਆਤਮਿਕ 'ਸਿਮਰਨ' ਦੀ ਕ੍ਰਿਆ **'ਗੁਰਪ੍ਰਸਾਦਿ' ਦੁਆਰਾ 'ਸਾਧ-ਸੰਗਤ' ਵਿਚ ਸੌਖੀ ਹੋ ਜਾਂਦੀ ਹੈ ।**

ਕਾਇਨਾਤ ਦੇ ਦੋ ਮੰਡਲ ਹਨ —

1. **'ਮਾਇਕੀ ਮੰਡਲ'** ਅਥਵਾ 'ਦੂਜੇ ਭਾਉ' ਦਾ ਮੰਡਲ

2. **'ਆਤਮਿਕ ਮੰਡਲ'** ਅਥਵਾ 'ਸਚਖੰਡ'

**'ਮਾਇਕੀ-ਮੰਡਲ' ਹਉਮੈ ਦੇ ਭਰਮ-ਭੁਲਾਵੇ ਵਿਚੋਂ ਉਤਪੰਨ ਹੋਇਆ ਹੈ ਅਤੇ ਇਸ ਵਿਚ 'ਮੈਂ-ਮੇਰੀ' ਦੀ ਭਾਵਨਾ ਦਾ ਬੋਲਬਾਲਾ ਅਤੇ ਵਰਤ-ਵਰਤਾਰਾ ਹੈ ।**

ਜੀਵ ਬੇਅੰਤ ਜਨਮਾਂ ਤੋਂ ਇਸ ਹਉਮੈ-ਵੇੜ੍ਹੇ ਭਰਮ-ਭੁਲੇਖੇ ਵਿਚ ਵਿਚਰਦਾ ਆਇਆ ਹੈ । ਇਸ ਮੈਂ-ਮੇਰੀ ਦੇ ਕੂੜੇ ਭੁਲੇਖੇ ਵਿਚ ਹੀ ਜੀਵ—

ਸੋਚਦਾ

ਚਿਤਵਦਾ

ਵਿਉਂਤਾਂ ਘੜਦਾ

ਕਰਮ ਕਰਦਾ

ਨਤੀਜੇ ਭੋਗਦਾ

ਅਤੇ—

ਕਾਮ

ਕ੍ਰੋਧ

ਲੋਭ

ਮੋਹ

ਅਹੰਕਾਰ

ਦੀਆਂ ਵਾਸ਼ਨਾਵਾਂ ਵਿਚ ਗਲਤਾਨ ਹੋਇਆ ਰਹਿੰਦਾ ਹੈ ਅਤੇ ਆਵਾਗਵਨ ਦੇ ਚੱਕਰਾਂ ਵਿਚ ਫਿਰਦਾ ਰਹਿੰਦਾ ਹੈ —

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ (ਪੰਨਾ-੧੩੩)

ਇਹ 'ਮੈਂ-ਮੇਰੀ' ਦਾ ਅਹਿਸਾਸ ਅਥਵਾ 'ਹਉਮੈ' — ਜੀਵ ਦੇ ਨਾਲ ਭੂਤ-ਪ੍ਰੇਤ ਵਾਂਗ, ਕਈ ਜਨਮਾਂ ਤੋਂ ਚਿੰਬੜੀ ਹੋਈ ਹੈ, ਜਿਸ ਕਾਰਨ 'ਹਰੀ' ਵਿਸਰ ਜਾਂਦਾ ਹੈ —

ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥
(ਪੰਨਾ-੯੨੧)

ਇਸ ਤਰ੍ਹਾਂ ਮੈਂ-ਮੇਰੀ ਦੀ ਅੱਡਰੀ ਹਸਤੀ ਅਥਵਾ 'ਹਉਮੈ' ਸਾਡੇ —

ਖਿਆਲਾਂ

ਸੋਚਣੀ

ਚਿਤਵਨੀ

ਭਾਵਨਾਵਾਂ

ਕਰਮ

ਧਰਮ

ਅਰਥਾਤ-ਜੀਵਨ ਦੇ ਹਰ ਪੱਖ ਵਿਚ ਪ੍ਰਵਿਰਤ ਹੋ ਰਹੀ ਹੈ, ਜੋ ਸਾਡੇ —